PUNJABI

# ਇਕੁਾਲੀਟੀ ਸਕੌਟਲੈਂਡ (Equality Scotland)
# ਬਜ਼ੁਰਗ ਲੋਕਾਂ ਲਈ ਰਿਹਾਇਸ਼ (Housing for Older People)

## ਤੁਹਾਨੂੰ ਖੁਸ਼ਹਾਲ ਅਤੇ ਉੱਨਤ ਭਰਪੂਰ ਨਵੇਂ ਸਾਲ ਲਈ ਸੁੱਭ ਇਛਾਵਾਂ

ਅੰਕ 21
ਜਨਵਰੀ 2011

## ਅੰਦਰ...


- ਡੰਡੀ ਸਮਾਗਮ
- ਹੈਪੀ ਟੂ ਟ੍ਰਾਂਸਲੇਟ
- "ਬਜ਼ੁਰਗ ਲੋਕਾਂ ਲਈ ਸੇਵਾ ਵਿਕਾਸ ਯੋਜਨਾ
- ਨੌਕਰੀ ਦੇ ਮੌਕੇ
- ਹੜ੍ਹ ਲਈ ਫੰਡ ਇਕੱਤਰ ਸਮਾਗਮ
- ਦੁਬਾਰਾ ਘੜ੍ਹਤ ਰਾਏ ਪ੍ਰਾਪਤੀ
- ਬਰਾਬਰੀ ਐਕਟ 2010
- ਐਨ.ਕੇ.ਐਸ. ਇਨਾਮ


## ਡੰਡੀ ਜਾਣਕਾਰੀ ਸਮਾਗਮ ਦਾ ਕਾਲੇ ਘੱਟ ਗਿਣਤੀ ਸਥਾਨਿਕ ਭਾਈਚਾਰੇ ਵੱਲੋਂ ਭਰਵਾਂ ਹੁੰਗਾਰਾ

ਬਰਾਬਰੀ ਦੇ ਮੌਕਿਆਂ ਦੀ ਟੀਮ ਨੇ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਭਾਈਚਾਰਿਆਂ ਲਈ ਇੱਕ ਬਹੁਤ ਸਫਲ ਜਾਣਕਾਰੀ ਸਮਾਗਮ ਡੰਡੀ ਵਿੱਚ ਆਰਡਲਰ ਸੈਂਟਰ ਵਿਖੇ 13 ਅਕਤੂਬਰ ਨੂੰ ਅਯੋਜਿੱਤ ਕੀਤਾ ਗਿਆ ਜਿਸ ਵਿੱਚ ਕਾਫੀ ਗਿਣਤੀ ਵਿੱਚ ਲੋਕਾਂ ਨੇ ਹਾਜ਼ਰੀ ਭਰੀ।

ਰਿਹਾਇਸ਼ੀ ਬਰਾਬਰੀ ਦੇ ਮੌਕਿਆਂ ਦੀ ਮੈਨੇਜਰ, ਰੋਹੀਨੀ ਸ਼ਰਮਾ ਜੋਸ਼ੀ, ਨੇ ਸਥਾਨਿਕ ਭਾਈਚਾਰੇ ਤੋਂ ਹਾਜ਼ਰੀ ਭਰਨ ਵਾਲਿਆਂ ਦਾ ਸੁਆਗਤ ਕੀਤਾ ਅਤੇ ਡੰਡੀ ਦੇ ਲੌਰਡ ਪਰੋਵਸਟ ਜੌਨ ਲੈਟਫੋਰਡ ਦੀ ਜਾਣ ਪਛਾਣ ਕਰਾਈ, ਜਿਸ ਨੇ ਬਜ਼ੁਰਗ ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਅਤੇ ਬਰਾਬਰੀ ਦੇ ਮੌਕਿਆਂ ਦੀ ਟੀਮ ਨੂੰ ਸਮਰਥਨ ਦੇਣ ਦਾ ਪ੍ਰਗਟਾਵਾ ਕੀਤਾ।

ਡੰਡੀ ਸਿਟੀ ਕੌਂਸਲ ਲਈ ਸਮਾਜਿਕ ਕੰਮ ਦੇ ਡਰੈਕਟਰ, ਆਲੱਨ ਬੈਅਰਡ, ਨੇ ਬਜ਼ੁਰਗ ਹੋ ਰਹੀ ਜਨਤਾ ਦੇ ਸਿਟੇ ਵੱਜੋਂ ਸਮਾਜਿਕ ਕੰਮ ਦੀਆਂ ਟੀਮਾਂ ਨੂੰ ਪੇਸ਼ ਹੋ ਰਹੀਆਂ ਵੰਗਾਰਾਂ ਦਾ ਸੰਖੇਪ ਦਿੱਤਾ। ਉਸ ਨੇ ਯਕੀਨੀ ਬਣਾਉਣ ਲਈ ਕਿ ਬਜ਼ੁਰਗ ਲੋਕ ਭਾਸ਼ਾ ਦੀਆਂ ਰੁਕਾਵਟਾਂ ਕਰਕੇ ਕਿਸੇ ਘਾਟੇ ਵਿੱਚ ਨਾ ਰਹਿਣ, ਵਾਸਤੇ ਪ੍ਰਦਾਨ ਕੀਤੀਆਂ ਸਹੂਲਤਾਂ ਦਾ ਵੀ ਸੰਖੇਪ ਦਿੱਤਾ।

ਸਰਵਾਇਟ ਹਾਊਸ਼ਿੰਗ ਐਸੋਸੀਏਸ਼ਨ, ਜਿਸ ਦਾ ਰਿਹਾਇਸ਼ੀ ਸੇਵਾਵਾਂ ਦਾ ਡਰੈਕਟਰ ਟਿਮ ਕੌਲਡਰਬੈਂਕ ਵੀ ਸਮਾਗਮ ਤੇ ਬੁਲਾਰਾ ਸੀ, ਹੁਣ ਹੈਪੀ ਟੂ ਟ੍ਰਾਂਸਲੇਟ ਪਹਿਲ ਕਦਮੀ ਦਾ ਨਵਾਂ ਮੈਂਬਰ ਬਣ ਗਈ ਹੈ। ਉਸ ਨੇ ਇਸ ਸੇਵਾ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ, ਜਿਸ ਦੇ ਡੰਡੀ, ਪਰਥ ਅਤੇ ਇਨਵਰਨੈਸ ਵਿੱਚ ਦਫ਼ਤਰ ਹਨ ਅਤੇ ਇਹ ਸੰਸਥਾ ਸਥਾਨਿਕ ਭਾਈਚਾਰੇ ਦੀ ਕਿਨ੍ਹਾਂ ਢੰਗਾਂ ਰਾਹੀ ਸੇਵਾ ਕਰਦੀ ਹੈ ਬਾਰੇ ਦੱਸਿਆ।

ਰੋਹੀਨੀ ਨੇ ਹੈਪੀ ਟੂ ਟ੍ਰਾਂਸਲੇਟ ਟੀਮ ਦੇ ਕੀਤੇ ਜਾਂਦੇ ਕੰਮ ਬਾਰੇ ਦੱਸਿਆ ਅਤੇ ਸਰੋਤਿਆਂ ਨੂੰ ਸਮਝਾਉਂਦੀ ਹੋਈ ਨੇ ਕਿ ਉਹ ਹੈਪੀ ਟੂ ਟ੍ਰਾਂਸਲੇਟ ਸੰਸਥਾਵਾਂ ਤੋਂ ਕੀ ਆਸ ਰੱਖ ਸਕਦੇ ਹਨ, ਸੌਖੀ ਪਛਾਣ ਵਾਲਾ ਚਿੰਨ੍ਹ ਪ੍ਰਦਰਸ਼ਤ ਕੀਤਾ।

ਇਸ ਗੈਰ-ਰਿਵਾਇਤੀ ਸਮਾਗਮ ਵਿੱਚ ਸਥਾਨਿਕ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਭਾਈਚਾਰਿਆਂ ਵਿੱਚੋਂ ਕਰੀਬ 120 ਵਿਅਕਤੀ ਸ਼ਾਮਲ ਹੋਏ ਅਤੇ ਵਿਅਕਤੀਆਂ ਲਈ ਗਲਬਾਤ ਕਰਨ, ਬਹੁ-ਨਸਲੀ ਖ਼ਾਣੇ ਦਾ ਅਨੰਦ ਮਾਣਨ ਅਤੇ ਸੇਵਾ ਮੁਹੱਈਆ ਕਰਨ ਵਾਲਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕੀਤਾ ਜਿਨ੍ਹਾਂ ਵਿੱਚ ਹੇਠ ਲਿੱਖਤ ਸੰਸਥਾਵਾਂ ਸ਼ਾਮਲ ਸਨ:

ਬੀਲਡ ਹਾਊਸ਼ਿੰਗ ਐਸੋਸੀਏਸ਼ਨ
ਕੇਅਰ ਐਂਡ ਰਪੇਅਰ ਸਕੌਟਲੈਂਡ
ਚਾਈਲਡ ਪੌਵਰਟੀ ਅਕਸ਼ਨ
ਡੰਡੀ ਸਿਟੀ ਕੌਂਸਲ (ਸਮਾਜਿਕ ਕੰਮ)
ਹੈਪੀ ਟੂ ਟ੍ਰਾਂਸਲੇਟ
ਬਰਾਬਰੀ ਮੌਕਿਆਂ ਦਾ ਪ੍ਰੋਗਰਾਮ
ਪੈਨਸ਼ਨ ਸੇਵਾ
ਸਰਵਾਇਟ ਹਾਊਸ਼ਿੰਗ ਐਸੋਸੀਏਸ਼ਨ
ਟੇਸਾਇਡ ਫਾਇਰ ਅਤੇ ਰੈਸਕਿਊ
ਬਜ਼ੁਰਗ ਲੋਕਾਂ ਲਈ ਟੈਕਸ ਦੀ ਮਦਦ (ਟੌਪ)

# ਖ਼ਬਰਪੱਤਰ

ਇਹ ਖ਼ਬਰਪੱਤਰ ਚੀਨੀ, (ਕੈਨਟੋਨੀਜ਼), ਹਿੰਦੀ, ਪੰਜਾਬੀ, ਉਰਦੂ, ਅਰਬੀ, ਅਤੇ ਬੰਗਾਲੀ ਵਿੱਚ ਵੀ ਮਿਲਦਾ ਹੈ।

# ਡੰਡੀ ਸਮਾਗਮ




ਖੱਬੇ ਤੋਂ ਸੱਜੇ ਟੌਮ ਜੇਮੀਸਨ, ਸਰਵਾਇਟ ਲਈ ਕਮ੍ਯੂਨੀਕੇਸ਼ਨਸ ਅਫ਼ਸਰ। ਟਿਮ ਕੌਲਡਰਬੈਂਕ, ਸਰਵਾਇਟ ਦਾ ਡਰੈਕਟਰ। ਲੌਰਾ ਆਲੱਨ, ਸਰਵਾਇਟ ਲਈ ਭਾਈਚਾਰਕ ਤਾਲਮੇਲ ਅਫ਼ਸਰ। ਰੋਹੀਨੀ ਸ਼ਰਮਾ ਜੋਸ਼ੀ, ਰਿਹਾਇਸ਼ੀ ਬਰਾਬਰੀ ਦੇ ਮੌਕਿਆਂ ਦੀ ਮੈਨੇਜਰ।



ਡੰਡੀ ਦਾ ਲੌਰਡ ਪਰੋਵੌਸਟ ਜੌਨ ਲੈਟਫੋਰਡ ਸਥਾਨਿਕ ਭਾਈਚਾਰੇ ਦੇ ਦੋ ਵਿਅਕਤੀਆਂ ਨਾਲ।



ਸਮਾਗਮ ਤੇ ਦਿੱਤੇ ਜਾ ਰਹੇ ਭਾਸ਼ਨ।

# ਬਜ਼ੁਰਗ ਲੋਕਾਂ ਲਈ ਸੇਵਾਵਾਂ ਦੀ ਯੋਜਨਾ ਨੇ **£500** ਹਜ਼ਾਰ ਤੋਂ ਵੱਧ ਬੈਨੀਫਿਟ ਪ੍ਰਾਪਤੀ ਦਾ ਮਾਰਗ-ਸ਼ਿਲਾ ਸਥਾਪਿਤ ਕੀਤਾ

ਬਜ਼ੁਰਗ ਲੋਕਾਂ ਦੀਆਂ ਸੇਵਾਵਾਂ ਦੀ ਵਿਕਾਸ ਯੋਜਨਾ ਨੇ ਜਿਨ੍ਹਾਂ ਗਾਹਕਾਂ ਦੀ ਇਹ ਸੇਵਾ ਕਰਦੀ ਹੈ ਉਨ੍ਹਾਂ ਲਈ £500 ਹਜ਼ਾਰ ਤੋਂ ਵੱਧ ਬੈਨੀਫਿਟ ਅਤੇ ਹੱਕ ਪ੍ਰਾਪਤ ਕਰਕੇ ਇੱਕ ਮਹਤੱਵਪੂਰਨ ਮੀਲਪੱਥਰ ਸਥਾਪਿਤ ਕੀਤਾ ਹੈ ਅਤੇ ਸਕੌਟਲੈਂਡ ਭਰ ਦੇ ਨਵੇਂ ਖੇਤਰਾਂ ਵਿੱਚ ਪ੍ਰਫੁੱਲਤ ਹੋ ਕੇ ਇਹ ਆਪਣਾ ਅਸਰ ਰਸੂਖ ਵਧਾ ਰਹੀ ਹੈ।

ਇਹ ਯੋਜਨਾ, ਜੋ ਕਾਲੇ ਅਤੇ ਘੱਟ ਗਿਣਤੀ ਭਾਈਚਾਰਿਆਂ ਤੋਂ ਬਜ਼ੁਰਗ ਲੋਕਾਂ ਨਾਲ ਕੰਮ ਕਰਦੀ ਹੈ, ਸਫ਼ਲਤਾ ਨਾਲ ਸੈਂਕੜੇ ਲੋਕਾਂ ਨੂੰ ਉਨ੍ਹਾਂ ਦੀ ਅਮਦਨ ਵਿੱਚ ਵੱਧ ਤੋਂ ਵੱਧ ਵਾਧਾ ਕਰਨ ਅਤੇ ਉਨ੍ਹਾਂ ਦੇ ਜੀਵਨ ਮਿਆਰ ਨੂੰ ਸੁਧਾਰਨ ਵਿੱਚ ਮਦਦ ਕਰ ਚੁੱਕੀ ਹੈ।

ਇਹ ਯੋਜਨਾ, ਜੋ ਆਪਣਾ ਤੀਜਾ ਸਾਲ ਪੂਰਾ ਕਰਨ ਦੇ ਲਾਗੇ ਪਹੁੰਚੀ ਹੋਈ ਹੈ, ਨੇ ਹੁਣ ਤੱਕ ਗਾਹਕਾਂ ਲਈ 740 ਬੈਨੀਫਿਟ ਜਾਂਚਾਂ ਕੀਤੀਆਂ ਹਨ ਅਤੇ ਬੈਨੀਫਿਟ ਅਤੇ ਹੱਕ ਦੋਹਾਂ ਪ੍ਰਤੀ £570,000 ਕਰੀਬ ਰੱਕਮ ਪ੍ਰਾਪਤ ਕੀਤੀ ਹੈ।

ਇਸ ਪ੍ਰਾਪਤੀ ਨੇ ਕਈ ਪਰਿਵਾਰਾਂ ਲਈ ਕੇਵਲ ਉਨ੍ਹਾਂ ਦੇ ਜੀਵਨ ਮਿਆਰ ਅਤੇ ਉਨ੍ਹਾਂ ਦੀ ਵਿੱਤੀ ਹਾਲਤਾਂ ਵਿੱਚ ਉੱਚਾ ਦਰਜੇ ਦਾ ਹੀ ਸੁਧਾਰ ਨਹੀਂ ਕੀਤਾ, ਪਰ ਉਨ੍ਹਾਂ ਦੀ ਦੋਵੇਂ ਅਮਦਨ-ਅਧਾਰਿਤ ਅਤੇ ਸਿਹਤ-ਸੰਬੰਧਿਤ ਹੱਕਾਂ ਅਤੇ ਹੱਕਦਾਰ ਪ੍ਰਾਪਤੀਆਂ ਬਾਰੇ ਸਮਝ ਵਿੱਚ ਵਾਧਾ ਕੀਤਾ। ਗਾਹਕਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਸੁਰੱਖਿਆ ਸੁਧਾਰਨ ਲਈ ਸਕੀਮਾਂ ਤੱਕ ਪਹੁੰਚ ਕਰਨ ਲਈ ਅਤੇ ਹੀਟਿੰਗ ਸਿਸਟਮ ਨਵਿਆਉਣ ਲਈ, ਜਿਨ੍ਹਾਂ ਨਾਲ ਉਨ੍ਹਾਂ ਦੇ ਘਰ ਵਧੇਰੇ ਨਿੱਘੇ ਅਤੇ ਆਰਾਮਦੇਹ ਬਣਨਗੇ, ਲਈ ਵੀ ਇਸ ਯੋਜਨਾ ਦੇ ਕਰਮਚਾਰੀਆਂ ਨੇ ਸਹਾਇਤਾ ਕੀਤੀ ਹੈ।

ਇਹ ਯੋਜਨਾ ਸਕੌਟਲੈਂਡ ਦੇ ਪੇਡੂ ਇਲਾਕਿਆਂ ਤੱਕ ਆਪਣੀਆਂ ਸੇਵਾਵਾਂ ਦਾ ਘੇਰਾ ਵਧਾਏਗੀ ਤਾਂ ਕਿ ਵਧੇਰੇ ਮੁਸ਼ਕਲ-ਨਾਲ-ਪਹੁੰਚਣ ਵਾਲੇ ਕਾਲੇ ਅਤੇ ਘੱਟ ਗਿਣਤੀ ਲੋਕ ਇਸ ਦੀ ਮਾਹਿਰ ਸਹਾਰਾ ਸੇਵਾ ਤੋਂ ਲਾਭ ਪ੍ਰਾਪਤ ਕਰ ਸਕਣਗੇ। ਯੋਜਨਾ ਦੇ ਤਾਲ-ਮੇਲ ਕਰਤੇ ਹਾਲੇ ਵੀ ਚੋਣਵੇਂ ਡੇ ਕੇਅਰ ਸੈਂਟਰਾਂ ਅਤੇ ਭਾਈਚਾਰਕ ਸੰਸਥਾਵਾਂ ਨਾਲ ਸਾਂਝਦਾਰੀ ਵਿੱਚ ਸਲਾਹ ਮਸ਼ਵਰੇ ਲਈ ਸਮੇਂ ਬੁੱਕ ਕਰੀ ਜਾਂਦੇ ਹਨ।

ਇਨ੍ਹਾਂ ਸਲਾਹ ਮਸ਼ਵਰੇ ਦੇ ਸਮਿਆਂ ਦੀ ਜਾਣਕਾਰੀ ਦੀ ਸਥਾਨਿਕ ਭਾਈਚਾਰਿਆਂ ਵਿੱਚ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ। ਜੇ ਤੁਹਾਡੀ ਉੱਮਰ 60+ ਜਾਂ ਕਿਸੇ ਨੂੰ ਜਾਣਦੇ ਹੋ ਜੋ ਸਾਡੀਆਂ ਸੇਵਾਵਾਂ ਤੋਂ ਲਾਭ ਪ੍ਰਾਪਤ ਕਰਦਾ ਹੈ, ਭਾਵੇਂ ਉਹ ਸਕੌਟਲੈਂਡ ਵਿੱਚ ਜਿੱਥੇ ਵੀ ਰਹਿੰਦੇ ਹੋਣ, ਅਸੀਂ ਮਦਦ ਕਰ ਸਕਦੇ ਹਾਂ।

ਕਿਰਪਾ ਕਰਕੇ ਨੀਰੂ ਨਾਲ (0131 444 4952) ਜਾਂ ਆਂਟਨੀ ਨਾਲ (0131 444 4941) ਤੇ ਅਪੌਇੰਟਮੈਂਟ ਲਈ ਸੰਪਰਕ ਕਰੋ।

***ਦੇਰ ਨਾ ਕਰੋ,***

***ਅਜੇ ਕਲੇਮ ਕਰੋ!!!!***

LOTTERY FUNDED

# HAPPY TO TRANSLATE

# ਨੇ ਜਾਰੀ ਕੀਤਾ ਨਵੀਂ ਦਿੱਖ ਵਾਲਾ ਵੈਬਸਾਈਟ



ਹੈਪੀ ਟੂ ਟ੍ਰਾਂਸਲੇਟ ਟੀਮ ਨੇ ਦੋ ਨਵੇਂ ਸੰਦ ਵਿਕਸਤ ਕੀਤੇ ਹਨ: ਸਿੱਖਲਾਈ ਡੀ.ਵੀ.ਡੀ. ਅਤੇ ਫੀਲਡ ਟੂਲਕਿਟ, ਦੋਵੇਂ ਉਨ੍ਹਾਂ ਸੰਸਥਾਵਾਂ ਦੀ ਹੋਰ ਮਦਦ ਕਰਨਗੇ ਜਿਨ੍ਹਾਂ ਦੀ ਸੇਵਾ ਵਰਤਣ ਵਾਲੇ ਅੰਗਰੇਜ਼ੀ ਆਪਣੀ ਮਾਤ ਭਾਸ਼ਾ ਵੱਜੋਂ ਨਹੀਂ ਬੋਲਦੇ। ਟੀਮ ਮੈਂਬਰ ਸੰਸਥਾਵਾਂ ਲਈ ਇਸ਼ਤਿਹਾਰ ਤੇ ਅਤੇ ਭਾਈਚਾਰਿਆਂ ਲਈ ਪਰਚੇ ਬਣਾਉਣ ਤੇ ਕੰਮ ਕਰ ਰਹੀ ਹੈ, ਦੋਵੇਂ ਹੈਪੀ ਟੂ ਟ੍ਰਾਂਸਲੇਟ ਬਾਰੇ ਸੁਚੇਤ ਕਰਾਉਣ ਲਈ ਡੀਜ਼ਾਇਨ ਕੀਤੇ ਹੋਏ ਹਨ।

ਹੈਪੀ ਟੂ ਟ੍ਰਾਂਸਲੇਟ ਨੇ ਆਪਣਾ ਨਵੇਂ ਡੀਜ਼ਾਇਨ ਦਾ ਵੈਬਸਾਈਟ ਨਵੰਬਰ 1 ਨੂੰ ਜਾਰੀ ਕੀਤਾ ਜਿਸ ਤਬਦੀਲੀ ਦੀ ਸੇਵਾ ਵਰਤਣ ਵਾਲਿਆਂ ਨੇ ਚੰਗੀ ਤਰ੍ਹਾਂ ਪ੍ਰਵਾਨਗੀ ਦਿੱਤੀ। ਇਹ ਵੈਬਸਾਈਟ ਹੈਪੀ ਟੂ ਟ੍ਰਾਂਸਲੇਟ ਦੇ ਮੈਂਬਰਾਂ ਅਤੇ ਜਨਤਾ ਦੋਹਾਂ ਲਈ ਜਾਣਕਾਰੀ ਦਾ ਮਹਤੱਵਪੂਰਨ ਸੋਮਾ ਹੋਵੇਗਾ।

ਕੇਵਲ ਮੈਂਬਰਾਂ ਲਈ ਭਾਗ ਵਿੱਚ ਸੰਦਾਂ ਅਤੇ ਕਾਰਵਾਈਆਂ ਬਾਰੇ ਮਹਤੱਵਪੂਰਨ ਜਾਣਕਾਰੀ ਸ਼ਾਮਲ ਹੈ ਜੋ ਉਨ੍ਹਾਂ ਲੋਕਾਂ ਨਾਲ ਪਹਿਲਾ ਮੌਕੇ ਦਾ ਸੰਪਰਕ ਕਰਨ ਵਿੱਚ ਸਹਾਇਤਾ ਦਿੰਦੇ ਹੈ ਜਿਨ੍ਹਾਂ ਦੀ ਮਾਤ ਭਾਸ਼ਾ ਅੰਗਰੇਜ਼ੀ ਨਹੀਂ ਹੈ। ਇਸ ਵੈਬਸਾਈਟ ਨੂੰ ਹੈਪੀ ਟੂ ਟ੍ਰਾਂਸਲੇਟ ਦੇ ਸੰਦਾਂ ਦੇ ਭੰਡਾਰ ਦਾ ਕੀਮਤੀ ਭਾਗ ਵੱਜੋਂ ਮੰਨਿਆ ਜਾਂਦਾ ਹੈ।







ਹੈਪੀ ਟੂ ਟ੍ਰਾਂਸਲੇਟ ਦੀ ਮੈਂਬਰਸ਼ਿੱਪ ਵੱਧੀ ਜਾਂਦੀ ਹੈ ਜਿਸ ਵਿੱਚ ਸਾਡੀ ਪਿੱਛਲੀ ਬੁਲੇਟਿਨ ਤੋਂ ਹੁਣ ਤੱਕ ਹੋਰ ਛੇ ਮੈਂਬਰ ਭਰਤੀ ਕੀਤੇ ਗਏ ਹਨ, ਜਿਨ੍ਹਾਂ ਵਿੱਚ ਇਹ ਸ਼ਾਮਲ ਹਨ: ਕੇਅਰ ਐਂਡ ਰੀਪੇਅਰ (ਸਕੌਟਲੈਂਡ); ਬਾਰਹੈਡ ਹਾਊਜ਼ਿੰਗ ਏਸੋਸੀਏਸ਼ਨ; ਈਸਟਹੌਲ ਪਾਰਕ ਹਾਊਜ਼ਿੰਗ ਏਸੋਸੀਏਸ਼ਨ; ਗਾਰਡੀਨ ਹਾਊਜ਼ਿੰਗ ਏਸੋਸੀਏਸ਼ਨ; ਲੌਕਫੀਲਡ ਹਾਊਜ਼ਿੰਗ ਏਸੋਸੀਏਸ਼ਨ; ਅਤੇ ਇਸ ਦਾ ਪਹਿਲਾ ਮਿਸਤਰੀ ਦਾ ਠੇਕੇਦਾਰ, ਐਸ.ਜੇ.ਐਮ. ਜੌਇਨਰਜ਼ (ਸਕੌਟਲੈਂਡ)

ਨਵੇਂ ਮੈਂਬਰ ਸਰਵਾਇਟ ਹਾਊਜ਼ਿੰਗ ਨੇ ਕੁੱਝ ਸਮਾਂ ਪਹਿਲਾਂ ਅਕਤੂਬਰ ਵਿੱਚ ਡੰਡੀ ਵਿੱਖੇ ਕਾਲੇ ਅਤੇ ਘੱਟ ਗਿਣਤੀ ਭਾਈਚਾਰਿਆਂ ਲਈ ਜਾਣਕਾਰੀ ਸਮਾਗਮ ਤੇ ਹਾਜ਼ਰੀ ਭਰੀ ਜਿਥ੍ਹੇ ਰਿਹਾਇਸ਼ੀ ਸੇਵਾਵਾਂ ਦੇ ਡਰੈਕਟਰ ਟਿਮ ਕੌਲਡਰਬੈਂਕ ਮਹਿਮਾਨ ਬੁਲਾਰਾ ਸੀ।। ਲਾਰਾ ਆਲਨ, ਭਾਈਚਾਰਕ ਤਾਲਮੇਲ ਅਫ਼ਸਰ ਨੇ ਆਖਿਆ: "ਇਸ ਦਿਨ ਪ੍ਰਤੀ ਸਾਰੇ ਬਹੁਤ ਉਸਾਰੂ ਸਨ ਅਤੇ ਸਾਡੇ ਲਈ ਇਕ ਬਹੁਤ ਵੱਡਾ ਲਾਭ ਸੀ ਕਿਉਂ ਕਿ ਸਾਨੂੰ ਸਾਡੇ ਭਾਈਚਾਰਿਆਂ ਦੇ ਲਾਭ ਲਈ ਦੂਜੀਆਂ ਨਾਲ ਕੰਵ ਕਰਨ ਦਾ ਮੌਕਾ ਮਿਲਿਆ ਸੀ।"

'"'

ਹੈਪੀ ਟੂ ਟ੍ਰਾਂਸਲੇਟ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ:

ਕਟਰੀਨਾ ਮਕਐਂਟੀਗਾਰਟ
ਡੀਵੈਲਪਮੈਂਟ ਅਤੇ ਮਾਰਕੀਟਿੰਗ ਅਫ਼ਸਰ
ਫ਼ੋਨ: **0131 444 4951**
ਈਮੇਲ: **kmcentegart@trustha.org.uk**

ਡੌਨ ਆਬਟ
ਔਪਾਰੇਸ਼ਨਜ਼ ਅਤੇ ਪੌਲੀਸੀ ਅਫ਼ਸਰ
ਫ਼ੋਨ: **0131 444 4997**
ਈਮੇਲ: **dabbott@trustha.org.uk**

ਜਾਂ ਸਾਡੇ ਵੈਬਸਾਈਟ ਤੇ ਪਧਾਰੋ: **www.happytotranslate.com**

# ਰੋਜ਼ਗਾਰ ਤੱਕ ਪਹੁੰਚ ਵਧਾਉਣ ਲਈ ਨੌਕਰੀ ਦੇ ਮੌਕਿਆਂ ਦੀ ਯੋਜਨਾ ਨੇ ਨਵੇਂ ਸਾਂਝਦਾਰੀ ਤਾਲਮੇਲ ਸਥਾਪਤ ਕੀਤੇ



ਨੌਕਰੀ ਦੇ ਮੌਕਿਆਂ ਬਾਰੇ ਵਿਚਾਰ ਵਟਾਂਦਰਾ ਦਿਨ ਤੇ ਹਾਜ਼ਰ ਹੋਏ ਵਿਅਕਤੀ

ਨੌਕਰੀ ਦੇ ਮੌਕਿਆਂ ਦੀ ਸਹਾਰਾ ਯੋਜਨਾ ਨੇ ਕਾਲੇ ਅਤੇ ਘੱਟ ਗਿਣਤੀ ਭਾਈਚਾਰਿਆਂ ਵਿਚੋਂ ਲੋਕਾਂ ਲਈ ਨੌਕਰੀ ਦੇ ਮੌਕਿਆਂ ਤੱਕ ਪਹੁੰਚ ਵਧਾਉਣ ਲਈ ਆਪਣੀ ਚਾਲੂ ਕਾਰਵਾਈ ਦੇ ਹਿੱਸੇ ਵਜੋਂ ਭਾਈਚਾਰਕ ਸੰਸਥਾਵਾਂ ਅਤੇ ਏਜੰਸੀਆਂ ਨਾਲ ਨਵੀਆਂ ਸਾਂਝਦਾਰੀਆਂ ਅਤੇ ਤਾਲਮੇਲ ਵਿਕਸਤ ਕੀਤੇ ਹਨ।

ਤਨਖਾਹਦਾਰ ਰੋਜ਼ਗਾਰ ਲੱਭ ਰਹੇ ਕਾਲੇ ਅਤੇ ਘੱਟ ਗਿਣਤੀ ਭਾਈਚਾਰਿਆਂ ਵਿਚੋਂ ਵਿਅਕਤੀਆਂ ਲਈ ਸਿਹਦ ਅਤੇ ਸਹਾਰਾ ਦੇਣ ਤੋਂ ਇਲਾਵਾ, ਇਹ ਯੋਜਨਾ ਸਿਖਆਰਥੀਆਂ ਲਈ ਕੀਮਤੀ ਤਜ਼ਰਬਾ ਪ੍ਰਦਾਨ ਕਰਨ ਲਈ ਕੰਮ ਤੇ ਸਥਾਪਣ ਦਾ ਪ੍ਰਬੰਧ ਕਰਨ ਲਈ ਮਾਲਕਾਂ ਨਾਲ ਸਾਂਝਾ ਕੰਮ ਕਰਦੀ ਹੈ ਜਿਨ੍ਹਾਂ ਦੁਬਾਰਾ ਸਿਖਆਰਥੀਆਂ ਨੂੰ ਨਵੀਂਆਂ ਮੁਹਾਰਤਾਂ, ਵਧੇਰੇ ਹੌਂਸਲਾ ਅਤੇ ਹਵਾਲੇ ਪ੍ਰਾਪਤ ਹੁੰਦੇ ਹਨ।

ਯੋਜਨਾ ਰਾਂਹੀ ਕੀਤੇ ਸਥਾਪਣ ਬਹੁਤ ਸਫਲ ਹੋਏ ਹਨ ਜਿਨ੍ਹਾਂ ਦੇ ਦੋਵੇਂ ਸਿਖਆਰਥੀਆਂ ਅਤੇ ਮਾਲਕਾਂ ਲਈ ਉਸਾਰੂ ਸਿੱਟੇ ਨਿਕਲੇ ਹਨ ਅਤੇ ਪੇਸ਼ ਕੀਤੀਆਂ ਜਾਂਦੀਆਂ ਸਥਾਪਣ ਸੇਵਾਵਾਂ ਦਾ ਲਾਭ ਉਠਾਉਣ ਲਈ ਵਧੇਰੇ ਮਾਲਕਾਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ।

ਯੋਜਨਾ ਨੇ ਕੁੱਝ ਸਮਾਂ ਪਹਿਲਾਂ ਉਨ੍ਹਾਂ ਦੀ ਰਾਏ ਪ੍ਰਾਪਤ ਕਰਨ ਅਤੇ ਉਨ੍ਹਾਂ ਨੂੰ ਸੇਵਾ ਯੋਜਨਾਬੰਦੀ ਵਿਚ ਸ਼ਾਮਲ ਕਰਨ ਲਈ ਗਾਹਕਾਂ ਨਾਲ ਵਿਚਾਰ ਵਟਾਂਦਰਾ ਸਮੂਹ ਦਾ ਪ੍ਰਬੰਧ ਕੀਤਾ ਸੀ। ਸਮੂਹ ਨੇ ਬਾਹਰੀ ਤੱਤਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਿਨ੍ਹਾਂ ਦਾ ਉਨ੍ਹਾਂ ਦੀ ਵਰਤਮਾਨ ਸਥਿੱਤੀ ਉਪਰ ਅਸਰ ਹੋ ਸਕਦਾ ਹੋਵੇ ਖਾਸ ਤੌਰ ਤੇ ਮੁਸ਼ਕਲ ਆਰਥਿਕ ਵਾਤਾਵਰਨ ਅਤੇ ਸਰਕਾਰ ਦੇ ਬੱਜਟ ਦੀਆਂ ਕਟੌਤੀਆਂ। ਇਹ ਗਾਹਕ ਸੰਤੁਸ਼ਟਤਾ ਮੁਲਾਂਕਣ ਕਰਨ ਉਪਰ ਵੀ ਕੇਂਦ੍ਰਿਤ ਰਿਹਾ ਅਤੇ ਯੋਜਨਾ ਵਿਚ ਸੰਭਾਵੀ ਸੁਧਾਰ ਬਾਰੇ ਸੁਝਾ ਪੇਸ਼ ਕੀਤੇ ਗਏ। ਗਾਹਕ ਪਰਤੀਸੂਚਨਾ ਦੇ ਨਤੀਜੇ ਵਜੋਂ ਇਕ-ਤੋਂ-ਇਕ ਆਹਮੋ-ਸਾਹਮਣੇ ਸਹਾਰਾ ਅਤੇ ਸੇਧ ਲਈ ਮਾਸਕ ਡਰੌਪ-ਇਨ ਸੈਸ਼ਨ ਚਾਲੂ ਕੀਤੇ ਗਏ।

ਯੋਜਨਾ ਨੇ 120 ਵਿਅਕਤੀਆਂ ਦਾ ਮੁਲਾਂਕਣ ਕੀਤਾ ਹੈ ਅਤੇ ਉਨ੍ਹਾਂ ਨੂੰ ਸਹਾਰਾ ਦਿੱਤਾ ਅਤੇ 25 ਵਿਅਕਤੀਆਂ ਨੇ ਯੋਜਨਾ ਦੁਬਾਰਾ ਕੰਮ ਲੱਭ ਲਿਆ ਹੈ। ਸਪੁਰਦਗੀਆਂ ਸਿੱਧੀਆਂ ਹੀ ਸੰਸਥਾਵਾਂ, ਜ਼ਬਾਨੀ, ਅਤੇ ਸਿਧੇ ਪ੍ਰਾਪਤ ਹੋਈਆਂ ਹਨ।

ਹੁਣ ਤੱਕ ਨੌ ਹੋਰ ਸਥਾਪਣਾਂ ਦਾ ਇਨ੍ਹਾਂ ਨਾਲ ਪ੍ਰਬੰਧ ਕੀਤਾ ਗਿਆ ਹੈ, ਲੋਧੀਅਨ ਅਤੇ ਬੌਰਡਰਜ਼ ਪੁਲਿਸ, ਲਿੰਕ ਲਿਵਿੰਗ, ਹੈਨੋਵਰ (ਸਕੌਟਲੈਂਡ) ਅਤੇ ਕਈ ਪ੍ਰਕਾਰ ਦੀਆਂ ਹੋਰ ਸੰਸਥਾਵਾਂ।

ਰੁਕਾਵਟਾਂ ਦੂਰ ਕਰਨ ਅਤੇ ਨੌਕਰੀਆਂ ਦੇ ਮੌਕੇ ਪੈਦਾ ਕਰਨ ਲਈ ਮਾਲਕਾਂ ਨਾਲ ਹੋਰ ਸਥਾਪਣਾਂ ਦਾ ਪ੍ਰਬੰਧ ਕਰਨ ਲਈ ਕਾਰਜਕਾਰੀ ਪੂਰੀ ਕੀਤੀ ਹੋਈ ਹੈ।

ਕਾਲੇ ਅਤੇ ਘੱਟ ਗਿਣਤੀ ਲੋਕਾਂ ਦੀਆਂ ਲੋੜਾਂ ਪ੍ਰਤੀ ਸਹਾਰਾ ਸੇਵਾਵਾਂ ਅਨੁਕੂਲ ਬਣਾ ਕੇ ਯੋਜਨਾ ਆਪਣੀ ਪਹਿਲੀ ਸਫਲਤਾ ਦੇ ਅਧਾਰ ਤੇ ਅਗਾਂਹ ਤਰੱਕੀ ਕਰੀ ਜਾਂਦੀ ਹੈ। ਜੇ ਤੁਸੀਂ ਕਿਸੇ ਨੂੰ ਜਾਣਦੇ ਹੋ ਜੋ ਇਸ ਯੋਜਨਾ ਤੋਂ ਲਾਭ ਉਠਾ ਸਕਦਾ ਹੈ ਤਾਂ ਕਿਰਪਾ ਕਰਕੇ ਨਸਰੀਨ ਅਮਜਦ ਨੌਕਰੀਆਂ ਦੇ ਮੌਕਿਆਂ ਦੇ ਵਿਕਾਸ ਅਫ਼ਸਰ ਨਾਲ:
0131 444 4953 ਤੇ ਜਾਂ
namjad@trustha.org.uk ਤੇ ਸੰਪਰਕ ਕਰੋ ਜਾਂ ਸਾਡੇ ਵੈਬਸਾਈਟ ਤੇ ਪਧਾਰੋ:
www.EqualityScotland.com

CAPITAL CITY PARTNERSHIP

# ਪਾਕਿਸਤਾਨ ਦੇ ਹੜ੍ਹ ਪੀੜਤਾਂ ਲਈ ਬਰਾਬਰੀ ਦੇ ਮੌਕਿਆਂ ਦੀ ਟੀਮ ਨੇ ਫੰਡ ਇਕੱਠਾ ਕੀਤਾ

ਬਰਾਬਰੀ ਦੇ ਮੌਕਿਆ ਦੀ ਟੀਮ ਅਤੇ ਟਰੱਸਟ ਹਾਊਜ਼ਿੰਗ ਏਸੋਸੀਏਸ਼ਨ ਵਿੱਖੇ ਉਨ੍ਹਾਂ ਦੇ ਸਾਥੀਆਂ ਨੇ ਆਪਣੇ ਮੁੱਖ ਦਫ਼ਤਰ ਵਿੱਖੇ ਬਹੁ-ਸੱਭਿਆਚਾਰਕ ਖਾਣੇ ਦਾ ਪ੍ਰੋਗਰਾਮ ਰੱਖ ਕੇ ਪਾਕਿਸਤਾਨ ਵਿੱਚ ਹੜ੍ਹਾਂ ਦੇ ਸੰਕਟ ਦੇ ਪੀੜ੍ਹਤਾਂ ਦੀ ਮਦਦ ਲਈ ਫੰਡ ਇਕੱਤਰ ਕੀਤਾ।

ਕਰਮਚਾਰੀਆਂ ਨੇ ਘਰ ਦੇ ਬਣਾਏ ਭਾਰਤੀ ਅਤੇ ਚੀਨੀ ਸਨੈਕ ਟਰੱਸਟ ਤੋਂ ਸਾਥੀਆਂ ਅਤੇ ਗੁਆਂਢੀ ਰਿਹਾਇਸ਼ੀ ਸੰਸਥਾਵਾਂ ਨੂੰ ਵੇਚ ਕੇ £230 ਦੀ ਕੁੱਲ ਰੱਕਮ ਇਕੱਤਰ ਕੀਤੀ।

ਇਕੱਠੇ ਕੀਤੇ ਪੈਸੇ ਯੂਕੇਅਰ ਫਾਊਂਡੇਸ਼ਨ, ਜੋ ਇੱਕ ਗਲਾਸਗੋ ਵਿੱਚ ਸਥਾਪਿਤ ਸਕਾਟਿਸ਼ ਚੈਰੀਟੀ ਹੈ, ਨੂੰ ਦਾਨ ਕੀਤੇ ਗਏ ਹਨ, ਜਿਸ ਦਾ ਟੀਚਾ ਪਾਕਿਸਤਾਨ ਵਿੱਚ ਹੜ੍ਹਾਂ ਨਾਲ ਜਿਨ੍ਹਾਂ ਲੋਕਾਂ ਦੇ ਘਰ ਤਬਾਹ ਹੋਏ ਸਨ ਉਨ੍ਹਾਂ ਲਈ 700 ਮਕਾਨ ਉਸਾਰਨਾ ਹੈ।

ਰਿਹਾਇਸ਼ੀ ਬਰਾਬਰੀ ਦੇ ਮੌਕਿਆਂ ਦੀ ਮੈਨੇਜਰ, ਰੋਹੀਨੀ ਸ਼ਰਮਾ ਜੋਸ਼ੀ, ਨੇ ਆਖਿਆਆ: "ਸਾਡੇ ਕਰਮਚਾਰੀ ਬਹੁਤ ਖੁਸ਼ ਹੋਏ ਕਿ ਉਹ ਪਾਕਿਸਤਾਨ ਵਿੱਚ ਹੜ੍ਹਾਂ ਨਾਲ ਪੀੜਤ ਲੋਕਾਂ ਦੀ ਕੁੱਝ ਅਮਲੀ ਤੌਰ ਤੇ ਮਦਦ ਕਰ ਸਕੇ। ਰਿਹਾਇਸ਼ੀ ਸੰਸਥਾ ਹੋਣ



ਪਾਕਿਸਤਾਨ ਵਿੱਚ ਹੜ੍ਹਾਂ ਨਾਲ ਸੱਭ ਤੋਂ ਵੱਧ ਤਬਾਹੀ ਦਾ ਦ੍ਰਿਸ਼

ਨਾਤੇ ਅਸੀਂ ਉਸ ਯੋਜਨਾ ਦੀ ਖਾਸ ਤੌਰ ਤੇ ਮਦਦ ਕਰਨ ਦੇ ਚਾਹਵਾਨ ਸੀ ਜਿਸ ਕੋਲ, ਜਿਨ੍ਹਾਂ ਲੋਕਾਂ ਦੇ ਘਰ ਤਬਾਹ ਹੋ ਗਏ ਹਨ ਉਨ੍ਹਾਂ ਨੂੰ ਬੇਹੱਦ ਲੋੜੀਂਦੀ ਸਿਰ ਉੱਪਰ ਛੱਤ ਦਾ ਪ੍ਰਬੰਧ ਕਰਨ ਲਈ ਸਹੂਲਤਾਂ ਅਤੇ ਗੁਜਾਇੰਸ਼ ਮੌਜੂਦ ਹੈ।"

ਮੌਨਸੂਨ ਸਮੇਂ ਦੌਰਾਨ ਬਹੁਤ ਜਿਆਦਾ ਮੀਂਹ ਪੈਣ ਨਾਲ ਪਾਕਿਸਤਾਨ ਭਰ ਵਿੱਚ ਬਹੁਤ ਪਾਸਿਆਂ ਤੇ ਹੜ੍ਹ ਆ ਗਏ। ਪਾਕਿਸਤਾਨ ਦੀ ਸ੍ਰਕਾਰ ਦੇ ਅੰਕੜਿਆਂ ਅਨੁਸਾਰ ਹੜ੍ਹਾਂ ਦੇ ਨਾਲ ਸਿੱਧੇ ਤੌਰ ਤੇ ਕਰੀਬ 20 ਮਿਲੀਅਨ ਲੋਕ ਪੀੜਤ ਹੋਏ ਹਨ, ਜਿਨ੍ਹਾਂ ਦੇ ਘਰ, ਜਾਇਦਾਦ ਅਤੇ ਰੋਜ਼ੀ ਦੇ ਸਾਧਨ ਤਬਾਹ ਹੋ ਗਏ ਹਨ।



ਭੋਜਨ ਫੰਡ ਇਕੱਤਰ ਦਿਵ

# ਬਰਾਬਰੀ ਕਾਨੂੰਨ 2010

ਬਰਾਬਰੀ ਕਾਨੂੰਨ 2010,10 ਅਕਤੂਬਰ 2010 ਤੋਂ ਲਾਗੂ (Equality Act 2010) ਹੋਇਆ ਸੀ।
ਇਹ ਕਾਨੂੰਨ "ਸੁਰੱਖਿਤ ਚਿੰਨ੍ਹ" ਦਾ ਧਾਰਨਾ ਲਾਗੂ ਕਰਦੀ ਹੈ। ਲੋਕਾਂ ਨਾਲ ਇਨ੍ਹਾਂ ਚਿੰਨ੍ਹਾਂ ਦੇ ਅਧਾਰ ਤੇ ਵਿੱਤਕਰਾ ਨਹੀਂ ਕੀਤਾ ਜਾ ਸਕਦਾ, ਸਿੱਧੇ ਜਾਂ ਅਸਿੱਧੇ ਤੌਰ ਤੇ। ਸੁਰੱਖਿਅਤ ਚਿੰਨ੍ਹਾਂ ਇਹ ਹਨ: ਉਮਰ; ਅੰਗਹੀਣਤਾ; ਲਿੰਗ, ਪਰਿਵਰਤਨ, ਵਿਆਹ ਅਤੇ ਸਿਵਲ ਸਾਂਝਦਾਰੀ; ਗਰਭਵਤੀ ਅਤੇ ਜਣੇਪਾ; ਨਸਲ; ਧਰਮ ਜਾਂ ਸ਼ਰਧਾ; ਲਿੰਗ; ਲਿੰਗੀ ਵਿਲਾਊ।

ਇਹ ਸੰਸਥਾ ਤੋਂ ਇਨ੍ਹਾਂ ਨੂੰ ਉਚਿੱਤ ਤੌਰ ਤੇ ਇਹ ਕਰਨ ਦੀ  ਮੰਗ ਕਰੇਗਾ: ਵਿੱਤਕਰੇ, ਤੰਗੀ ਪ੍ਰੇਸ਼ਾਨੀ, ਸ਼ਿਕਾਰ ਬਣਾਉਣਾ ਜਾਂ ਹੋਰ ਕੋਈ ਵੀ ਵਿਹਾਰ ਜਿਸ ਉੱਪਰ ਬਰਾਬਰੀ ਕਾਨੂੰਨ ਨੇ ਪਬੰਧੀ ਲਾਈ ਹੋਈ ਹੈ ਦਾ ਖਾਤਮਾ ਕਰਨਾ। ਸੰਬੰਧਿਤ ਸਾਂਝੇ ਸੁਰੱਖਿਅਤ ਚਿੰਨ੍ਹ ਵਾਲੇ ਵਿਅਕਤੀਆਂ ਅਤੇ ਜਿੰਨ੍ਹਾਂ ਵਿਅਕਤੀਆਂ ਦੇ ਇਹ ਚਿੰਨ੍ਹ ਸਾਂਝੇ ਨਹੀਂ ਹਨ ਉਨ੍ਹਾਂ ਵਿੱਚਕਾਰ ਬਰਾਬਰੀ ਦੇ ਮੌਕਿਆਂ ਦਾ ਵਿਕਾਸ਼ ਕਰਨਾ। ਸੰਬੰਧਿਤ ਸਾਂਝੇ ਸੁਰੱਖਿਅਤ ਚਿੰਨ੍ਹ ਵਾਲੇ ਵਿਅਕਤੀਆਂ ਅਤੇ ਜਿੰਨ੍ਹਾਂ ਵਿਅਕਤੀਆਂ ਦੇ ਇਹ ਚਿੰਨ੍ਹ ਸਾਂਝੇ ਨਹੀਂ ਹਨ ਉਨ੍ਹਾਂ ਵਿੱਚਕਾਰ ਚੰਗੇ ਨਾਤਿਆਂ ਨੂੰ ਪ੍ਰਫੁੱਲਤ ਕਰਨਾ।

## ਦੇਖਭਾਲ ਦੁਬਾਰਾ ਘੜਨ ਬਾਰੇ ਕਾਰਜਨੀਤੀ ਵਿਚਾਰ ਵਟਾਂਦਰੇ ਵਿੱਚ ਕਾਲੇ ਅਤੇ ਘੱਟ ਗਿਣਤੀ ਬਜ਼ੁਰਗ ਲੋਕਾਂ ਨੇ ਭਾਗ ਲਿਆ

ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਨੇ ਕਾਲੇ ਅਤੇ ਘੱਟ ਗਿਣਤੀ ਬਜ਼ੁਰਗ ਲੋਕਾਂ ਅਤੇ ਸਕੌਟਲੈਂਡ ਭਰ ਤੋਂ ਭਾਈਚਾਰਕ ਸੰਸਥਾਵਾਂ ਤੋਂ ਕਰਮਚਾਰੀਆਂ ਲਈ ਰਾਏ ਪ੍ਰਾਪਤੀ ਸਮਾਗਮ ਦਾ ਪ੍ਰਬੰਧ ਕੀਤਾ। ਇਹ ਸਮਾਗਮ ਸਕੌਟਲੈਂਡ ਦੀ ਸਰਕਾਰ ਤਰਫੋਂ ਬਜ਼ੁਰਗ ਲੋਕਾਂ ਦੀ ਦੇਖਭਾਲ ਦੁਬਾਰਾ ਘੜਨ ਦੀ ਕਾਰਜਨੀਤੀ ਪ੍ਰਤੀ ਲੋਕਾਂ ਨੂੰ ਵਿੱਚ ਸ਼ਾਮਲ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵੱਜੋਂ ਅਯੋਜਿਤ ਕੀਤਾ ਗਿਆ ਸੀ।।

ਇਹ ਸਮਾਗਮ, ਜੋ ਸਟਰਲਿੰਗ ਵਿੱਚ ਡੀਮੈਂਸ਼ੀਆ ਸਰਵਿਸਸ ਡੀਵੈਲੱਪਮੈਂਟ ਸੈਂਟਰ ਵਿੱਚ ਰੱਖਿਆ ਗਿਆ ਸੀ, ਦੇ ਵਿੱਚ ਸਕੌਟਲੈਂਡ ਦੀ ਸਰਕਾਰ ਦੇ ਅਧਿਕਾਰੀ ਸ਼ਾਮਲ ਹੋਏ ਸਨ ਜਿਨ੍ਹਾਂ ਨੇ ਦੇਖਭਾਲ ਦੀਆਂ ਲੋੜਾਂ ਸੰਬੰਧਿਤ ਮਸਲਿਆਂ ਦੀ ਪਛਾਣ ਕਰਨ ਅਤੇ ਇਹ ਭਵਿੱਖ ਵਿੱਚ ਕਿਸ ਤਰ੍ਹਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਬਾਰੇ ਵਿਚਾਰ ਵਟਾਂਦਰਾਕਾਲੇ ਕਰਨ ਲਈ ਘੱਟ ਗਿਣਤੀ ਭਾਈਚਾਰਿਆਂ ਨੂੰ ਮਿਲਿਆ।

ਇਹ ਮੀਟਿੰਗ ਬਹੁਤ ਸਫ਼ਲ ਰਹੀ ਜਿਸ ਵਿੱਚ 40 ਤੋਂ ਵੱਧਲੋਕਾਂ ਨੇ ਵਿਚਾਰ ਵਟਾਂਦਰੇ ਦੇ ਸਮੂਹਾਂ ਵਿੱਚ ਭਾਗ ਲਿਆ।

ਇਸ ਸਮਾਗਮ ਦੀ ਪਰਤੀ ਸੂਚਨਾ ਤੋਂ ਰਿਪੋਰਟ ਤਿਆਰ ਕੀਤੀ ਗਈ ਹੈ ਜੋ ਸਕੌਟਲੈਂਡ ਦੀ ਸਰਕਾਰ ਦੇ ਇਸ ਵੈਬਸਾਈਟ ਤੋਂ ਮਿਲ ਸਕਦੀ ਹੈ www.scotland.gov.uk/Topics/Health/care/reshaping
ਵਧੇਰੇ ਜਾਣਕਾਰੀ ਰੀਸ਼ੇਪਿੰਗ ਕੇਅਰ ਟੀਮ ਤੋਂ (Reshaping Care Team) 0131 244 4020 ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਦੇਖਭਾਲ ਦੁਬਾਰਾ  ਘੜਨ ਬਾਰੇ ਵਿਚਾਰ ਵਟਾਂਦਰਾ ਦਿਵਸ



# ਐਨ.ਕੇ.ਐਸ. ਇਨਾਮ



ਸ਼੍ਰੀਮਤੀ ਸੁਰੋਜ ਲਾਲ ਆਪਣੇ ਜੀਵਨ ਭਰ ਦੀ ਪ੍ਰਾਪਤੀ ਦਾ ਇਨਾਮ ਲੈਂਦੀ ਹੋਈ।

ਦੱਖਣ ਏਸ਼ੀਆਈ ਇਸਤਰੀਆਂ ਦੀ ਪ੍ਰਾਪਤੀ ਦੇ ਇਨਾਮ ਦੇਣ ਲਈ ਜਸ਼ਨ ਮਨਾਈ ਸਮਾਗਮ ਬੁੱਧਵਾਰ 24 ਨਵੰਬਰ 2010 ਨੂੰ ਰੱਖਿਆ ਗਿਆ ਸੀ ਜਿਸ ਦਾ ਪ੍ਰਬੰਧ ਨਾਰੀ ਕਲਿਆਣ ਸ਼ਾਂਗੋ (ਐਨ.ਕੇ.ਐਸ.) ਨੇ ਕੀਤਾ ਸੀ। ਅਸੀਂ **ਜੀਵਨ ਭਰ ਦੀ ਪ੍ਰਾਪਤੀ** ਇਨਾਮ ਦੀ ਸਰਪ੍ਰਸਤੀ ਕਰਨ ਪ੍ਰਤੀ ਬੇਹੱਦ ਖੁਸ਼ ਹੋਏ ਸੀ। ਇਹ ਇਨਾਮ ਉਸ ਇਸਤਰੀ ਦੀ ਪ੍ਰਾਪਤੀ ਦੀ ਜਸ਼ਨ ਮਨਾਈ ਵੱਜੋਂ ਦਿੱਤਾ ਗਿਆ ਸੀ ਜਿਸ ਨੇ ਕੁੱਝ ਸਮੇਂ ਦੌਰਾਨ ਆਪਣੇ ਸਥਾਨਿਕ ਭਾਈਚਾਰਿਆਂ ਵਿੱਚ ਮਹਾਨ ਯੋਗਦਾਨ ਪਾਇਆ ਸੀ। ਸ਼੍ਰੀਮਤੀ ਸਰੋਜ ਲਾਲ ਨੇ ਆਪਣੇ ਜੀਵਨ ਭਰ ਦਾ ਯੋਗਦਾਨ ਭਾਈਚਾਰਿਆਂ ਵਿੱਚ ਪਾਉਣ ਲਈ ਉਸ ਰਾਤ ਨੂੰ ਇਹ ਇਨਾਮ ਪ੍ਰਾਪਤ ਕੀਤਾ।


**ਰੋਹੀਨੀ ਸ਼ਰਮਾ ਜੋਸ਼ੀ**

ਰਿਹਾਇਸ਼ੀ ਬਰਾਬਰੀ ਮੌਕਿਆ ਦੀ ਮੈਨੇਜਰ

ਫ਼ੋਨ: 031 444 4950

Email:rsharma@trustha.org.uk

**ਸੈਰੀਨਾ ਅਪਲਬੀ**

ਪਰਬੰਧ ਸਹਾਇਕ

ਫ਼ੋਨ: 031 444 4942

Email:sappleby@trustha.org.uk


ਇਹ ਖ਼ਬਰਪੱਤਰ **ਟਰੱਸਟ, ਹਾਨੋਵਰ (ਸਕੌਟਲੈਂਡ)** ਅਤੇ **ਬੀਲਡ ਹਾਊਜ਼ਿੰਗ ਏਸੋਸੀਏਸ਼ਨਜ਼ ਦੀ ਸਾਂਝੀ ਪ੍ਰਕਾਸ਼ਤ ਹੈ।** ਇਸ ਤੋਂ ਪਹਿਲੇ ਅੰਕ **www.EqualityScotland.com** ਤੇ ਦੇਖੇ ਜਾ ਸਕਦੇ ਹਨ। ਜੇ ਤੁਸੀ ਟੀਕਾ ਟਿੱਪਣੀ ਕਰਨੀ ਜਾਂ ਸੁਝਾ ਦੇਣਾ ਚਾਹੁੰਦੇ ਹੋ, ਜਾਂ ਆਪਣੇ ਸਮਾਗਮ ਜਾਂ ਯੋਜਨਾ ਨੂੰ ਇਸ ਪ੍ਰਕਾਸ਼ਤ ਵਿੱਚ ਸ਼ਾਮਲ ਕਰਾਉਣ ਲਈ ਵਿਚਾਰ ਅਧੀਨ ਕਰਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੰਪਰਕ ਕਰੋ:


**Equal Opportunities Programme**
**12 New Mart Road, Edinburgh EH14 1RL**
ਟੈਲੀਫ਼ੋਨ **0131 444 4942** ਫ਼ੈਕਸ **0131 444 4949**



**ਐਡਿੰਬਰਾ**
**Trust HA**
12 New Mart Road
Edinburgh EH14 1RL
ਫ਼ੋਨ: 0131 444 1200
www.trustha.org.uk

**Hanover (Scotland) HA**
95 McDonald Road
Edinburgh EH7 4NS
ਫ਼ੋਨ: 0131 557 0598
www.hsha.org.uk

**Bield HA**
79 Hopetoun Street
Edinburgh EH7 4QF
ਫ਼ੋਨ: 0131 273 4000
www.bield.co.uk

**ਗਲਾਸਗੋ**
**Trust HA**
First Floor, Pavilion 5
Watermark Business Park
345 Govan Road
Glasgow G51 2SE
ਫ਼ੋਨ: 0141 227 1994
www.trustha.org.uk

**Hanover (Scotland) HA**
Ground Floor, Pavilion 5
Watermark Business Park
345 Govan Road
Glasgow G51 2SE
ਫ਼ੋਨ: 0141 553 6300
www.hsha.org.uk

**Bield HA**
Unit 6, 7 Eagle Street
Glasgow G4 9XA
ਫ਼ੋਨ. 0141 270 7200
www.bield.co.uk

**ਡੰਡੀ**
**Bield HA**
1 Bonnethill Gardens
1 Caldrum Terrace
Dundee DD3 7HB
ਫ਼ੋਨ. 01382 228911
www.bield.co.uk

**ਅਰੱਨ**
**Isle of Arran Homes**
Springbank, Brodick
Isle of Arran KA27 8BE
ਫ਼ੋਨ 01770 303700
ਫ਼ੈਕਸ 01770 303701

**ਐਲਗਿਨ**
**Hanover (Scotland) HA**
12 Institution Road
Elgin IV30 1QX
ਫ਼ੋਨ: 01343 548585
ਫ਼ੈਕਸ: 01343 549519